(This question paper contains 1 printed page)

Roll No.

Sl. No of Question Paper: 1546

Unique Paper Code: 212101

D

Name of the Paper: Paper-I: Sahit De Roop

Name of the Course: B. A. (Hons.) Punjabi

Semester: I

Duration : 3 hrs

Max Marks : 75

ਨੋਟ : ਸਾਰੇ ਪ੍ਰਸ਼ਨਾਂ ਦੇ ਉੱਤਰ ਦੇਣੇ ਲਾਜ਼ਮੀ ਹਨ।

ਭਾਗ ਪਹਿਲਾ

1. 'ਜਿਨ੍ਹਾਂ ਪਛਾਤਾ ਸੱਚ' ਪਾਠ-ਪੁਸਤਕ ਵਿਚ ਲੇਖਕ ਕਰਨਜੀਤ ਸਿੰਘ ਨੇ ਆਪਣੇ ਲੇਖਾਂ ਨੂੰ 'ਰੇਖਾ ਚਿੱਤਰਾਂ' ਦੀ ਥਾਂ 'ਸਾਹਿਤਕ ਮੁਲਾਕਾਤਾਂ' ਵਧੇਰੇ ਯੋਗ ਸਮਝਿਆ ਹੈ। ਇਸ ਸੰਬੰਧੀ ਭੂਮਿਕਾ ਦੇ ਅਧਾਰ 'ਤੇ ਖੁੱਲ੍ਹ ਕੇ ਚਰਚਾ ਕਰੋ। 15

ਜਾਂ

'ਜਿਨ੍ਹਾਂ ਪਛਾਤਾ ਸੱਚ' ਪਾਠ-ਪੁਸਤਕ ਵਿਚ ਸ਼ਾਮਲ ਗੁਰਮੁਖ ਸਿੰਘ ਮੁਸਾਫ਼ਿਰ ਜਾਂ ਨਾਨਕ ਸਿੰਘ ਦੀ ਸ਼ਖ਼ਸੀਅਤ ਦੇ ਖ਼ਾਸ ਖ਼ਾਸ ਪੱਖਾਂ ਨੂੰ ਸਾਹਮਣੇ ਲਿਆਉ।

2. ਹੇਠ ਲਿਖੇ ਪ੍ਰਸ਼ਨਾਂ ਵਿਚੋਂ ਕਿਸੇ ਦੋ ਦੇ ਸੰਖੇਪ ਉੱਤਰ ਦਿਉ : 10

1) ਇਕ ਲੇਖਕ, ਇਕ ਪ੍ਰਚਾਰਕ ਵਿਚਲਾ ਸੋਹਨ ਸਿੰਘ ਸੀਤਲ, ਕਿਸ ਘਟਨਾ ਤੋਂ ਬਾਅਦ ਢਾਡੀ ਤੋਂ ਇਤਿਹਾਸਕ ਨਾਵਲਾਂ ਦਾ ਲੇਖਕ ਬਣ ਗਿਆ?

2) ਡਾ. ਕਰਨਜੀਤ ਸਿੰਘ ਦੀ ਸਾਹਿਤਕ-ਸ਼ੈਲੀ ਬਾਰੇ ਕਰਤਾਰ ਸਿੰਘ ਦੁੱਗਲ ਨੇ ਜੋ ਵਿਚਾਰ ਪ੍ਰਗਟਾਏ ਹਨ, ਸੰਖੇਪ ਵਿਚ ਲਿਖੋ।

3) ਬਲਰਾਜ ਸਾਹਨੀ ਦੀ ਅਭਿਨੈ-ਕਲਾ ਦੇ ਸਿਖ਼ਰ ਨੂੰ ਛੂੰਹਦੀ ਉਹ ਘਟਨਾ ਜਿਸ ਦਾ ਜ਼ਿਕਰ 'ਇਕ ਜੀਵਨ, ਇਕ ਅਭਿਨੈ' ਵਿਚ ਕੀਤਾ ਗਿਆ ਹੈ, ਉੱਤੇ ਝਾਤ ਪਾਉ।

4) ਲੇਖਕ ਨੇ ਪੰਜਾਬੀ ਦੇ ਇਕ ਲਿਖਾਰੀ ਨੂੰ, 'ਇਕ ਯੋਧਾ' ਕਿਹਾ ਹੈ। ਉਹ ਲੇਖਕ ਕੌਣ ਹੈ ਤੇ ਉਸਨੂੰ ਯੋਧਾ ਕਿਉਂ ਕਿਹਾ ਗਿਆ ਹੈ?

ਭਾਗ ਦੂਜਾ

3. 'ਲੋਕ ਨਾਟਕ' ਦੀ ਪਰਿਭਾਸ਼ਾ ਦਸਦੇ ਹੋਏ, ਪੰਜਾਬ ਦੀਆਂ ਲੋਕ-ਨਾਟ ਵੰਨਗੀਆਂ ਨਾਲ ਜਾਣ-ਪਛਾਣ ਕਰਾਉ। 15

ਜਾਂ

'ਪਰਤ ਆਉਣ ਤੱਕ', 'ਮਦਾਰੀ' ਅਤੇ 'ਬਹੁਰੂਪੀਆ' ਨਾਟਕਾਂ ਵਿਚੋਂ ਕਿਸੇ ਇਕ ਦਾ ਆਲੋਚਨਾਤਮਕ-ਸਾਰ ਲਿਖੋ।

4. ਹੇਠ ਲਿਖੇ ਪ੍ਰਸ਼ਨਾਂ ਵਿਚੋਂ ਕਿਸੇ ਦੋ ਦੇ ਸੰਖੇਪ ਉੱਤਰ ਲਿਖੋ : 10

1) ਲੋਕ ਨਾਟਕ ਤੇ ਵਸ਼ਿਸ਼ਟ ਨਾਟਕ ਵਿਚ ਕੀ ਅੰਤਰ ਹੈ?

2) ਲੋਕ ਨਾਟਕ ਖੇਡਣ ਲਈ ਕਿਸ ਤਰ੍ਹਾਂ ਦਾ ਰੰਗਮੰਚ ਅਤੇ ਮਾਹੌਲ ਹੁੰਦਾ ਸੀ?

3) 'ਨਕਲਾਂ' ਵਿਚ ਕਿਸ ਵਰਗ ਦਾ ਮਖੌਲ ਉਡਾਇਆ ਜਾਂਦਾ ਹੈ ਤੇ ਕਿਉਂ?

4) ਆਪਣੀ ਪਾਠ-ਪੁਸਤਕ ਦੇ ਕੋਈ ਪੰਜ ਨਾਟਕਾਂ ਅਤੇ ਉਨ੍ਹਾਂ ਦੇ ਨਾਟਕਕਾਰਾਂ ਦੇ ਨਾ ਲਿਖੋ।

ਭਾਗ ਤੀਜਾ

5. ਪੁਰਾਤਨ ਪੰਜਾਬੀ ਵਾਰਤਕ ਦੇ ਇਕ ਰੂਪ 'ਸਾਖੀ' ਦੇ ਅੰਤਰਗਤ 'ਮੋਹਰਾਂ ਦੇ ਕੋਲੇ ਤੇ ਸੂਲੀ ਦੀ ਸੂਲ' ਜਾਂ ਲੋਕ-ਕਹਾਣੀ 'ਸੁੰਢ ਅਤੇ ਹਲਦੀ' ਦਾ ਅਲੋਚਨਾਤਮਕ ਸਾਰ ਲਿਖੋ। 15

ਜਾਂ

'ਵਾਰ' ਅਤੇ 'ਜੰਗਨਾਮੇ' ਵਿਚਲੇ ਅੰਤਰ ਨੂੰ ਵਿਸਥਾਰ ਵਿਚ ਬਿਆਨ ਕਰੋ।

6. ਹੇਠ ਲਿਖੇ ਪ੍ਰਸ਼ਨਾਂ ਵਿਚੋਂ ਕਿਸੇ ਦੋ ਦੇ ਸੰਖੇਪ ਉੱਤਰ ਲਿਖੋ : 10

1) ਕੀਰਨੇ ਕਿਸ ਨੂੰ ਕਹਿੰਦੇ ਹਨ?

2) ਪੰਜਾਬੀ ਬੁਝਾਰਤਾਂ ਦੇ ਕੋਈ ਦੋ ਨਮੂਨੇ ਪੇਸ਼ ਕਰੋ।

3) ਪੁਰਾਤਨ ਪੰਜਾਬੀ ਵਾਰਤਕ ਦੇ ਕਿਸੇ ਪੰਜ ਰੂਪਾਂ ਦੇ ਨਾਂ ਲਿਖੋ।

4) ਕਿੱਸੇ ਦੀ ਪਰਿਭਾਸ਼ਾ ਅਤੇ ਬਣਤਰ ਉਪਰ ਨੋਟ ਲਿਖੋ।